ਗਣਤੰਤਰ ਦਿਵਸ ਧੂਮ ਧਾਮ ਨਾਲ ਮਨਾਇਆ

ਮਾਨਸਾ, 27 ਜਨਵਰੀ (ਸੁਰਿੰਦਰ ਸਿੰਘ ਮਾਨ)-61ਵੇਂ ਗਣਤੰਤਰ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸਮਾਗਮ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਕਰਵਾਇਆ ਗਿਆ। ਝੰਡਾ ਲਹਿਰਾਉਣ ਦੀ ਰਸਮ ਹੀਰਾ ਸਿੰਘ ਗਾਬੜੀਆ ਕੈਬਨਿਟ ਮੰਤਰੀ ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ, ਪੰਜਾਬ ਨੇ ਅਦਾ ਕੀਤੀ ਅਤੇ ਪਰੇਡ ਤੋਂ ਸਲਾਮੀ ਲਈ। ਸਮਾਗਮ ਦੌਰਾਨ ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਸ਼ਲਾਘਾਯੋਗ ਕੰਮ ਕਰਨ ਵਾਲੇ 37 ਵਿਅਕਤੀਆਂ, ਸਾਲ 2009 ਲਈ ਮਾਨਸਾ ਜ਼ਿਲ੍ਹੇ ਦੀਆਂ 7 ਪੰਚਾਇਤਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵੱਲੋਂ ਜ਼ਿਲ੍ਹੇ ਦੇ ਅੰਗਹੀਣ ਵਿਅਕਤੀਆਂ ਨੂੰ 21 ਟਰਾਈ ਸਾਇਕਲ ਅਤੇ ਲੋੜਵੰਦ ਬੇਸਹਾਰਾ ਔਰਤਾਂ ਨੂੰ 25 ਸਿਲਾਈ ਮਸ਼ੀਨਾਂ ਦੀ ਵੰਡ ਕੀਤੀ ਗਈ। ਆਪਣੇ ਸੰਬੋਧਨ 'ਚ ਸ: ਗਾਬੜੀਆ ਨੇ ਕਿਹਾ ਕਿ ਦੇਸ਼ ਦੇ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਜਿਨ੍ਹਾਂ ਨੇ ਆਪਣੀਆਂ ਜਾਨਾਂ ਦੇ ਕੇ ਦੇਸ਼ ਆਜ਼ਾਦ ਕਰਵਾਇਆ ਸਾਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਨਹੀਂ ਭੁੱਲਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸ: ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਸੂਬੇ ਦਾ ਸਰਵਪੱਖੀ ਵਿਕਾਸ ਕਰ ਰਹੀ ਹੈ ਅਤੇ ਪੰਜਾਬ ਵਿੱਚ ਸਿਹਤ ਸਹੂਲਤਾਂ ਨੂੰ ਤਰਜ਼ੀਹ ਦੇ ਕੇ ਸਭ ਤੋਂ ਵੱਧ ਪੈਸਾ ਇਸ ਪਾਸੇ ਖਰਚ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ ਜਿਥੇ ਸ਼ਹੀਦਾਂ ਦਾ ਜਨਮ ਦਿਹਾੜਾ ਸਰਕਾਰੀ ਤੌਰ 'ਤੇ ਮਨਾਇਆ ਜਾਂਦਾ ਹੈ। ਇਸ ਮੌਕੇ 'ਤੇ ਸ੍ਰੀ ਕੁਮਾਰ ਰਾਹੁਲ ਡਿਪਟੀ ਕਮਿਸ਼ਨਰ, ਸ: ਹਰਦਿਆਲ ਸਿੰਘ ਮਾਨ ਐਸ. ਐਸ. ਪੀ., ਸ੍ਰੀਮਤੀ ਤਨੂੰ ਐਸ. ਕਸ਼ਯਪ ਏ. ਡੀ. ਸੀ. (ਜ), ਬਲਜੀਤ ਸਿੰਘ ਸੰਧੂ ਅਤੇ ਏ. ਡੀ. ਸੀ. (ਵਿਕਾਸ), ਹਰਬੰਤ ਸਿੰਘ ਦਾਤੇਵਾਸ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ, ਸੁਖਵਿੰਦਰ ਸਿੰਘ ਸਾਬਕਾ ਵਿਧਾਇਕ ਮਾਨਸਾ, ਮਨਜੀਤ ਸਿੰਘ ਬੱਪੀਆਣਾ ਮੈਂਬਰ ਐਸ. ਜੀ. ਪੀ. ਸੀ., ਸੂਰਜ ਪ੍ਰਕਾਸ਼ ਛਾਬੜਾ ਜ਼ਿਲ੍ਹਾ ਪ੍ਰਧਾਨ ਬੀ. ਜੇ. ਪੀ., ਅਕਾਲੀ ਆਗੂ ਗੁਰਦੀਪ ਸਿੰਘ ਦੀਪ, ਲਖਵਿੰਦਰ ਸਿੰਘ ਮੂਸਾ, ਸਰਦੂਲ ਸਿੰਘ ਘਰਾਂਗਣਾ, ਬੱਲਮ ਸਿੰਘ ਕਲੀਪੁਰ ਅਤੇ ਹੋਰ ਆਗੂ ਮੌਜੂਦ ਸਨ। ਇਸੇ ਤਰ੍ਹਾਂ ਸਬ ਤਹੀਸੀਲਾਂ ਵਿੱਚ ਵੀ ਗਣਤੰਤਰ ਦਿਵਸ ਮਨਾਉਣ ਦੀਆਂ ਖ਼ਬਰਾਂ ਹਨ।

ਮੈਡੀਕਲ ਸਟੋਰਾਂ 'ਤੇ ਨਸ਼ੀਲੇ ਪਦਾਰਥਾਂ ਦੀ ਵਿਕਰੀ ਚਿੰਤਾ ਦਾ ਵਿਸ਼ਾ

ਅਹਿਮਦਗੜ੍ਹ, 27 ਜਨਵਰੀ (ਪ.ਪ.)-ਉਂਝ ਤਾਂ ਸਾਡੇ ਪੰਜਾਬ ਵਿੱਚ ਨਸ਼ਿਆਂ ਦਾ ਹੜ੍ਹ ਆਇਆ ਹੋਇਆ ਹੈ ਤੇ ਪੰਜਾਬ ਸਰਕਾਰ, ਹੈੱਲਥ ਵਿਭਾਗ ਤੇ ਪੁਲਿਸ ਨਸ਼ਿਆਂ ਦੀ ਵਿਕਰੀ 'ਤੇ ਕਾਬੂ ਨਹੀਂ ਸਕੀ। ਇਸ ਦੀ ਉਦਾਹਰਣ ਸੰਗਰੂਰ ਜ਼ਿਲ੍ਹੇ ਵਿੱਚ ਪੈਂਦੇ ਸ਼ਹਿਰ ਮੰਡੀ ਅਹਿਮਦਗੜ੍ਹ ਦੀ ਹੈ। ਇੱਥੇ ਗੁਰਦੁਆਰਾ ਸਿੰਘ ਸਭਾ ਦੇ ਅੱਗੇ ਕਈ ਦੁਕਾਨਾਂ ਕਿਰਾਏ 'ਤੇ ਦਿੱਤੀਆਂ ਹਨ, ਜਿਸ ਵਿੱਚ ਇੱਕ ਦੁਕਾਨ ਦਵਾਈਆਂ ਦੀ ਹੈ। ਇਸ ਵਿੱਚ ਸ਼ਰੇਆਮ ਨਸ਼ੀਲੀਆਂ ਦਵਾਈਆਂ ਵੇਚੀਆਂ ਜਾਂਦੀਆਂ ਹਨ, ਜਿਸ ਕਾਰਨ ਗੁਰਦੁਆਰਾ ਪ੍ਰਬੰਧਕਾਂ 'ਤੇ ਵੀ ਇੱਕ ਸਵਾਲ ਉਠਦਾ ਹੈ ਤੇ ਪੁਲਿਸ ਵੀ ਮੂਕ ਦਰਸ਼ਕ ਬਣੀ ਹੋਈ ਹੈ। ਇਸ ਤੋਂ ਬਿਨਾਂ ਇਸੇ ਸ਼ਹਿਰ ਦੇ ਛੰਨਾਂ ਰੋਡ ਸਥਿਤ ਇੱਕ ਮੈਡੀਕਲ ਹਾਲ ਵਿੱਚ ਵੀ ਇਹੋ ਹਾਲ ਹੈ। ਇਸ ਦੇ ਮਾਲਕ 'ਤੇ ਕਈ ਵਾਰ ਪੁਲਸ ਨੇ ਛਾਪਾ ਮਾਰਿਆ ਹੈ। ਪਰ ਨਸ਼ਾ-ਵਿਕਰੀ ਜਾਰੀ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਇਨ੍ਹਾਂ ਲੋਕਾਂ ਦੀ ਸਾਸ਼ਨ ਤੇ ਪ੍ਰਸ਼ਾਸਨ ਤੇ ਪਕੜ ਹੈ।

ਚੰਡੀਗੜ੍ਹ ਗਰੁੱਪ ਆਫ ਕਾਲਜਿਜ਼ ਦੇ ਲਾਂਡਰਾਂ ਕੈਂਪਸ ਵਿਚ ਪੰਜਾਬ ਦੇ ਪਹਿਲੇ ਈ-ਗਵਰਨੈਸ ਸੈਂਟਰ ਦਾ ਉਦਘਾਟਨ

ਮੋਹਾਲੀ, (ਵੀਨਾ ਰਾਜਪੂਤ) ਪੰਜਾਬ ਸਰਕਾਰ ਵਲੋਂ ਲੋਕਾਂ ਨੂੰ ਬਿਹਤਰ ਪ੍ਰਸ਼ਾਸ਼ਨਿਕ ਸਹੂਲਤਾਂ ਪ੍ਰਦਾਨ ਕਰਨ ਵਾਸਤੇ ਆਰੰਭੀ ਮੁਹਿਮ ਵਿਚ ਵਿੱਦਿਅਕ ਸੰਸਥਾਵਾਂ ਅਤੇ ਵਿਦਿਆਰਥੀਆਂ ਨੂੰ ਭਾਗੀਦਾਰ ਬਣਾਉਣ ਲਈ ਚੰਡੀਗੜ੍ਹ ਗਰੁੱਪ ਆਫ ਕਾਲਜਿਜ਼ ਦੇ ਲਾਂਡਰਾਂ ਕੈਂਪਸ ਵਿਚ ਰਾਜ ਦਾ ਪਹਿਲਾ ਈ ਗਵਰਨੈਸ ਸੈਂਟਰ ਸਥਾਪਿਤ ਕੀਤਾ ਗਿਆ ਹੈ। ਇਸ ਦਾ ਉਦਘਾਟਨ ਪ੍ਰਸ਼ਾਸ਼ਕੀ ਸੁਧਾਰ ਕਮਿਸ਼ਨ ਪੰਜਾਬ ਦੇ ਚੇਅਰਮੈਨ ਡਾ. ਪ੍ਰਮੋਦ ਕੁਮਾਰ ਅਤੇ ਪੰਜਾਬ ਦੇ ਮੁੱਖ ਸਕੱਤਰ ਸ਼੍ਰੀ ਐਸ.ਸੀ. ਅਗਰਵਾਲ ਨੇ ਕੀਤਾ। ਇਸ ਮੌਕੇ ਬੋਲਦਿਆਂ ਡਾ. ਪ੍ਰਮੋਦ ਕੁਮਾਰ ਨੇ ਆਖਿਆ ਕਿ ਰਾਜ ਦੇ ਲੋਕਾਂ ਨੂੰ ਸਾਫ ਸੁਥਰਾ ਅਤੇ ਚੁਸਤ ਪ੍ਰਸ਼ਾਸ਼ਨ ਪ੍ਰਦਾਨ ਕਰਨ ਵਾਸਤੇ ਈ ਗਵਰਨੈਸ ਦੀ ਅਹਿਮ ਭੂਮਿਕਾ ਹੋਵੇਗੀ। ਇਸ ਤਹਿਤ ਪੰਜਾਬ ਦੇ ਹਰ ਪਿੰਡ ਅਤੇ ਸ਼ਹਿਰ ਨੂੰ ਕੰਪਿਊਟਰ ਨੈਟਵਰਕ ਰਾਹੀਂ ਪ੍ਰਸ਼ਾਸ਼ਕੀ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਪ੍ਰਸ਼ਾਸ਼ਕੀ ਸੁਧਾਰਾਂ ਸੰਬੰਧੀ ਵਿਸਥਾਰਤ ਰਿਪੋਰਟ ਸਰਕਾਰ ਨੂੰ ਸੌਂਪੀ ਜਾ ਚੁੱਕੀ ਹੈ ਅਤੇ ਇਸ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਹੁਣ ਪੰਜਾਬ ਸਰਕਾਰ ਦੀ ਹੈ। ਡਾ. ਪ੍ਰਮੋਦ ਕੁਮਾਰ ਨੇ ਆਖਿਆ ਕਿ ਪੰਜਾਬ ਦੇ ਕੰਪਿਊਟਰੀਕਰਨ ਵਾਸਤੇ ਵਿੱਦਿਅਕ ਸੰਸਥਾਵਾਂ, ਜਿਨ੍ਹਾਂ ਪਾਸ ਲੋੜੀਂਦੀਆਂ ਸਹੂਲਤਾਂ ਅਤੇ ਮਨੁੱਖੀ ਸ਼ਕਤੀ ਹੈ, ਵੱਡਮੁੱਲਾ ਯੋਗਦਾਨ ਪਾ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਵਿੱਦਿਅਕ ਸੰਸਥਾਵਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਵਾਸਤੇ ਚੰਡੀਗੜ੍ਹ ਗਰੁੱਪ ਆਫ ਕਾਲਜਿਜ਼ ਵਿਚ ਰਾਜ ਦਾ ਪਹਿਲਾ ਈ ਗਵਰਨੈਸ ਸੈਂਟਰ ਸਥਾਪਿਤ ਕੀਤਾ ਗਿਆ ਹੈ। ਇਹ ਸੈਂਟਰ ਸਰਕਾਰ ਨੂੰ ਵੱਖ ਵੱਖ ਵਿਭਾਗਾਂ ਦੇ ਕੰਪਿਊਟਰੀਕਰਨ ਵਾਸਤੇ ਸਹਿਯੋਗ ਦੇਵੇਗਾ। ਉਨ੍ਹਾਂ ਹੋਰ ਕਿਹਾ ਕਿ ਇਸ ਈ ਗਵਰਨੈਸ ਸੈਂਟਰ ਵਿਚ ਸੰਸਥਾ ਦੇ ਅਧਿਆਪਕ ਅਤੇ ਵਿਦਿਆਰਥੀ ਮਿਲ ਕੇ ਕੰਮ ਕਰਨਗੇ। ਉਨ੍ਹਾਂ ਦੱਸਿਆ ਕਿ ਇਥੇ ਤਜਰਬਾ ਹਾਸਲ ਕਰਨ ਵਾਲੇ ਵਿਦਿਆਰਥੀਆਂ ਵਿਚ ਰੁਜ਼ਗਾਰ ਪ੍ਰਾਪਤ ਕਰਨ ਦੀ ਯੋਗਤਾ ਵੀ ਵਧੇਗੀ। ਡਾ. ਪ੍ਰਮੋਦ ਕੁਮਾਰ ਨੇ ਆਖਿਆ ਕਿ ਦੇਸ਼ ਨੂੰ ਅਜ਼ਾਦ ਹੋਇਆ 65 ਸਾਲ ਹੋ ਗਏ ਹਨ ਪਰ ਹਾਲੇ ਤੱਕ ਵੀ ਵੱਡੀ ਗਿਣਤੀ ਵਿਚ ਲੋਕ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਹਨ। ਉਨ੍ਹਾਂ ਆਖਿਆ ਕਿ ਈ ਗਵਰਨੈਸ ਦਾ ਮੁੱਖ ਉਦੇਸ਼ ਲੋਕਾਂ ਨੂੰ ਚੁਸਤ ਦਰੁਸਤ ਅਤੇ ਸਾਫ ਸੁਥਰਾ ਪ੍ਰਸ਼ਾਸ਼ਨ ਪ੍ਰਦਾਨ ਕਰਨਾ ਅਤੇ ਸਰਕਾਰੀ ਮਸ਼ੀਨਰੀ ਨੂੰ ਲੋਕਾਂ ਦੀ ਸੇਵਾ ਵਾਸਤੇ ਕਾਰਗਰ ਬਣਾਉਣਾ ਹੈ। ਇਸ ਅਵਸਰ ਤੇ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਸਕੱਤਰ ਸ਼੍ਰੀ ਐਸ.ਸੀ.ਅਗਰਵਾਲ ਨੇ ਦੱਸਿਆ ਕਿ ਰਾਜ ਸਰਕਾਰ ਨੇ ਪ੍ਰਸ਼ਾਸ਼ਕੀ ਸੁਧਾਰਾਂ ਸੰਬੰਧੀ ਤਜ਼ਵੀਜ਼ਾਂ ਨੂੰ ਅਮਲ ਵਿਚ ਲਿਆਉਣ ਵਾਸਤੇ 10 ਕਰੋੜ ਰੁਪਏ ਰੱਖੇ ਹਨ। ਉਨ੍ਹਾਂ ਦੱਸਿਆ ਕਿ ਸੂਬੇ ਵਿਚ ਜ਼ਿਲਾ ਪੱਧਰ ਤੇ ਸੁਵਿਧਾ ਕੇਂਦਰ ਖੋਲੇ ਗਏ ਹਨ ਅਤੇ ਰਾਜ ਸਰਕਾਰ ਨੇ ਹਰ ਪਿੰਡ ਅਤੇ ਸ਼ਹਿਰ ਵਿਚ ਇਹ ਸਹੂਲਤ ਪਹੁੰਚਾਉਣ ਦਾ ਟੀਚਾ ਰੱਖਿਆ ਹੈ। ਉਨ੍ਹਾਂ ਦੱਸਿਆ ਕਿ ਪਹਿਲੇ ਫੇਜ਼ ਵਿਚ ਮਾਲ ਵਿਭਾਗ ਦਾ ਕੰਪਿਊਟਰੀਕਰਨ ਕੀਤਾ ਜਾ ਰਿਹਾ ਹੈ, ਜਿਸ ਦੇ ਬਹੁਤ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਆਖਿਆ ਕਿ ਆਉਂਦੇ 2-3 ਸਾਲਾਂ ਵਿਚ ਪੰਜਾਬ ਸਰਕਾਰ ਦੇ ਸਾਰੇ ਵਿਭਾਗਾਂ ਨੂੰ ਈ ਗਵਰਨੈਸ ਨਾਲ ਜੋੜਿਆ ਜਾਵੇਗਾ ਅਤੇ ਲੋਕ ਆਪਣੇ ਨਜ਼ਦੀਕੀ ਸੁਵਿਧਾ ਕੇਂਦਰ ਤੋਂ ਸਾਰੀਆਂ ਪ੍ਰਸ਼ਾਸ਼ਕੀ ਜ਼ਰੂਰਤਾਂ ਪੂਰੀਆਂ ਕਰ ਸਕਣਗੇ। ਉਨ੍ਹਾਂ ਦੱਸਿਆ ਕਿ ਸੂਬੇ ਵਿਚ ਪ੍ਰਸ਼ਾਸ਼ਕੀ ਸੇਵਾਵਾਂ ਦਾ ਕੰਪਿਊਟਰੀਕਰਨ ਹੋਣ ਦੇ ਨਾਲ ਲੋਕਾਂ ਦੇ ਕੰਮ ਆਸਾਨੀ ਅਤੇ ਪਾਰਦਰਸ਼ਤਾ ਢੰਗ ਦੇ ਨਾਲ ਹੋਣਗੇ। ਉਨ੍ਹਾਂ ਈ ਗਵਰਨੈਸ ਵਾਸਤੇ ਚੰਡੀਗੜ੍ਹ ਗਰੁੱਪ ਆਫ ਕਾਲਜਿਜ਼ ਵਲੋਂ ਪਹਿਲਕਦਮੀ ਕਰਨ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਇਸ ਨਾਲ ਸਰਕਾਰੀ ਕਾਰਜਾਂ ਵਿਚ ਤੇਜ਼ੀ ਆਵੇਗੀ ਅਤੇ ਵਿਦਿਆਰਥੀਆਂ ਨੂੰ ਅਮਲੀ ਤਜਰਬੇ ਦਾ ਲਾਭ ਪ੍ਰਾਪਤ ਹੋਵੇਗਾ। ਇਸ ਮੌਕੇ ਚੰਡੀਗੜ੍ਹ ਗਰੁੱਪ ਆਫ ਕਾਲਜਿਜ਼ ਲਾਂਡਰਾਂ ਅਤੇ ਘੜੂੰਆਂ ਦੇ ਚੇਅਰਮੈਨ ਸ. ਸਤਨਾਮ ਸਿੰਘ ਸੰਧੂ ਅਤੇ ਪ੍ਰੈਜ਼ੀਡੈਂਟ ਸ. ਰਸ਼ਪਾਲ ਸਿੰਘ ਧਾਲੀਵਾਲ ਨੇ ਆਖਿਆ ਕਿ ਪੰਜਾਬ ਦਾ ਇਹ ਪਹਿਲਾ ਈ ਗਵਰਨੈਸ ਸੈਂਟਰ ਪੰਜਾਬ ਇਨਫੋਟੈਕ ਨਾਲ ਸਾਂਝਾ ਉਦਮ ਹੈ ਜਿਸ ਤਹਿਤ ਪੰਜਾਬ ਦੀਆਂ ਜੇਲਾਂ ਦੇ ਕੰਪਿਊਟਰੀਕਰਨ ਵਾਸਤੇ ਮਹੱਤਵਪੂਰਨ ਪ੍ਰੋਜੈਕਟ ਮੁਕੰਮਲ ਹੋ ਚੁੱਕਾ ਹੈ ਅਤੇ ਰਾਜ ਸਰਕਾਰ ਦੇ ਤਿੰਨ ਹੋਰ ਅਹਿਮ ਪ੍ਰੋਜੈਕਟਾਂ ਤੇ ਕੰਮ ਜਾਰੀ ਹੈ। ਉਨ੍ਹਾਂ ਦੱਸਿਆ ਕਿ ਈ ਗਵਰਨੈਸ ਸੈਂਟਰ ਨੋ ਪ੍ਰੋਫਿਟ ਨੋ ਲੌਸ ਦੇ ਅਧਾਰ ਤੇ ਕੰਮ ਕਰੇਗਾ ਅਤੇ ਇਸ ਨੂੰ ਉਚ ਤਜਰਬੇਕਾਰ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸ਼ਮੂਲੀਅਤ ਨਾਲ ਚਲਾਇਆ ਜਾਵੇਗਾ।

ਬੱਚਿਆਂ ਦਾ ਹਿੰਦੀ ਕਵਿਤਾ ਮੁਕਾਬਲਾ ਕਰਵਾਇਆ

ਜਲੰਧਰ, 27 ਜਨਵਰੀ (ਮਨਜੀਤ ਸਿੰਘ ਮਨੀ)-ਅੱਜ ਐੱਮ.ਜੀ. ਐੱਨ. ਪਬਲਿਕ ਸਕੂਲ ਆਦਰਸ਼ ਨਗਰ ਜਲੰਧਰ ਵਿੱਚ ਪਹਿਲੀ ਤੇ ਦੂਸਰੀ ਜਮਾਤ ਦੇ ਬੱਚਿਆਂ ਦਾ ਹਿੰਦੀ ਕਵਿਤਾ ਮੁਕਾਬਲਾ ਕਰਵਾਇਆ ਗਿਆ। ਇਸ ਦੇ ਮੁੱਖ ਮਹਿਮਾਨ ਪ੍ਰਿੰਸੀਪਲ ਮਿਸ ਸਤਵੰਤ ਕੌਰ ਗਾਖਲ ਸਨ। ਨਿੱਕੇ-ਨਿੱਕੇ ਬੱਚਿਆਂ ਨੇ ਆਪਣੀਆਂ ਕਵਿਤਾਵਾਂ ਰਾਹੀਂ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਸਮਾਗਮ ਵਿੱਚ ਬੱਚਿਆਂ ਦੇ ਮਾਤਾ-ਪਿਤਾ ਵੀ ਸ਼ਾਮਲ ਸਨ। ਪਹਿਲੀ ਜਮਾਤ ਵਿੱਚੋਂ ਸਾਹਿਲ ਬਾਵਾ ਪਹਿਲੇ, ਹਰਲੀਨ ਕੌਰ ਦੂਜੇ 'ਤੇ ਸਿਦਕ ਪ੍ਰੀਤ ਸਿੰਘ ਤੀਜੇ ਸਥਾਨ 'ਤੇ ਰਹੇ। ਦੂਸਰੀ ਜਮਾਤ ਵਿੱਚ ਤਨਜੋਤ ਕੌਰ ਪਹਿਲੇ, ਰਵਨੀਤ ਕੌਰ, ਦੂਸਰੇ ਤੇ ਸੰਜਨਾ ਬਾਵਾ ਤੀਸਰੇ ਸਥਾ 'ਤੇ ਰਹੇ। ਪ੍ਰਾਇਮਰੀ ਵਿੰਗ ਦੇ ਇੰਚਾਰਜ ਸ੍ਰੀਮਤੀ ਦਵਿੰਦਰ ਕੌਰ ਸੱਗੂ ਨੇ ਜੇਤੂ ਬੱਚਿਆਂ ਨੂੰ ਇਨਾਮ ਵੰਡੇ।

ਚਾਲੀ ਮੁਕਤਿਆਂ ਦੀ ਯਾਦ ਵਿੱਚ ਨਗਰ ਕੀਰਤਨ ਸਜਾਇਆ

ਪੱਖੋ ਕਲਾਂ 'ਚ ਚਾਲੀ ਮੁਕਤਿਆਂ ਦੀ ਯਾਦ ਵਿੱਚ ਕੱਢੇ ਨਗਰ ਕੀਰਤਨ ਦਾ ਦ੍ਰਿਸ਼ ਫੋਟੋ-ਨਰੇਸ਼ ਗਰਗ

ਪੱਖੋ ਕਲਾਂ,25 ਜਨਵਰੀ (ਨਰੇਸ਼ ਗਰਗ)-ਸਥਾਨਕ ਪਿੰਡ ਦੇ ਗੁਰਦਵਾਰਾ ਰਾਮਸਰ ਸ਼ਹੀਦਾਂ ਵੱਲੋਂ ਚਾਲੀ ਮੁਕਤਿਆਂ ਦੀ ਯਾਦ ਵਿੱਚ ਨਗਰ ਕੀਰਤਨ ਸਜਾਇਆ ਗਿਆ ਜਿਸ ਵਿੱਚ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਸਮੂਲੀਅਤ ਕੀਤੀ। ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ। ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਾਵਨ ਸਰੂਪਾਂ ਨੂੰ ਸੁੰਦਰ ਪਾਲਕੀ ਵਿੱਚ ਸਜਾਇਆ ਗਿਆ। ਨਗਰ ਕੀਰਤਨ ਦੇ ਅੱਗੇ ਗੁਰੂ ਕੀਆਂ ਲਾਡਲੀਆਂ ਫੌਜਾਂ ਗੱਤਕੇ ਦੇ ਜੌਹਰ ਦਿਖਾ ਰਹੀਆਂ ਸਨ। ਕੀਰਤਨੀ ਜਥੇ ਮੱਖਣ ਸਿੰਘ,ਦਰਸ਼ਨ ਸਿੰਘ ਨੇ ਕੀਰਤਨ ਕੀਤਾ। ਕਵੀਸਰੀ ਜਥਾ ਹਾਕਮ ਸਿੰਘ,ਬਲਵੰਤ ਸਿੰਘ ਬੱਲ੍ਹੋ ਤੇ ਜਸਵੰਤ ਕੌਰ ਦੇ ਢਾਡੀ ਜਥੇ ਨੇ ਗੁਰ ਇਤਿਹਾਸ ਵਿੱਚੋਂ ਵਾਰਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦਵਾਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਕੁਲਵੰਤ ਸਿੰਘ ਨੇ ਦੱਸਿਆ ਕਿ ਕੱਲ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ,ਉਪਰੰਤ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਕੰਪਿਊਟਰ ਸਰਟੀਫਿਕੇਟ ਕੋਰਸ ਦਾ ਦੂਸਰਾ ਬੈਚ ਸ਼ੁਰੂ ਹੋਇਆ

ਬੁਢਲਾਡਾ, 27 ਜਨਵਰੀ (ਦਵਿੰਦਰ ਸਿੰਘ ਕੋਹਲੀ)-ਸਥਾਨਕ ਸਰਕਾਰੀ ਸੈਕੰਡਰੀ ਸਕੂਲ (ਲੜਕੀਆਂ) ਬੁਢਲਾਡਾ ਵਿਖੇ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ ਪੰਜਾਬ (ਪੰਜਾਬ ਆਈ.ਸੀ.ਟੀ. ਸੁਸਾਇਟੀ ਪੰਜਾਬ) ਵੱਲੋਂ ਜਨਵਰੀ 2010 ਬੈਚ ਦਾ ਉਦਘਾਟਨ ਸਕੂਲ ਦੇ ਪ੍ਰਿੰਸੀਪਲ ਸ੍ਰੀ ਹਰਜੀਤ ਸਿੰਘ ਨੇ ਕੀਤਾ। ਇਹ ਜਾਣਕਾਰੀ ਦਿੰਦੇ ਹੋਏ ਸੈਂਟਰ ਇੰਚਾਰਜ ਸ੍ਰੀ ਪਰਵਿੰਦਰ ਸਿੰਘ (ਕੰਪਿਊਟਰ ਫੈਕਲਟੀ) ਨੇ ਦੱਸਿਆ ਕਿ ਇਹ ਕੋਰਸ ਤਿੰਨ ਮਹੀਨੇ ਦਾ ਹੋਵੇਗਾ। ਇਸ ਲਈ ਯੋਗਤਾ 12ਵੀਂ ਜਮਾਤ ਹੈ। ਇਸ ਦੌਰਾਨ ਬੱਚਿਆਂ ਨੂੰ ਕੰਪਿਊਟਰ ਦੀ ਬੇਸਿਕ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਇਸ ਕੋਰਸ ਦਾ ਪਹਿਲਾ ਬੈਚ ਸਫਲਤਾ ਪੂਰਵਕ ਪੂਰਾ ਹੋ ਚੁੱਕਾ ਹੈ ਅਤੇ ਦੂਸਰਾ ਬੈਚ ਸ਼ੁਰੂ ਕੀਤਾ ਜਾ ਰਿਹਾ ਹੈ।

ਕਿਸ਼ੋਰ ਅਵਸਥਾ ਸਿੱਖਿਆ ਟਰੇਨਿੰਗ ਕੈਂਪ ਲੱਗਾ

ਪੱਖੋ ਕਲਾਂ ਦੇ ਸਰਕਾਰੀ ਸਕੂਲ ਵਿੱਚ ਚੱਲ ਰਿਹਾ ਕਿਸ਼ੋਰ ਸਿੱਖਿਆ ਪ੍ਰੋਗਰਾਮ ਫੋਟੋ-ਨਰੇਸ਼ ਗਰਗ

ਪੱਖੋ ਕਲਾਂ, 27 ਜਨਵਰੀ (ਨਰੇਸ਼ ਗਰਗ)-ਸਥਾਨਕ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਕਿਸ਼ੋਰ ਅਵਸਥਾ ਸਿੱਖਿਆ ਟਰੇਨਿੰਗ ਕੈਂਪ ਲਗਾਇਆ ਗਿਆ ਜਿਸ ਵਿੱਚ ਤਕਰੀਬਨ 350 ਬੱਚਿਆਂ ਨੇ ਭਾਗ ਲਿਆ। ਟ੍ਰੇਨੀ ਅਧਿਆਪਕ ਗੁਰਚਰਨ ਸਿੰਘ ਤੇ ਡੀ ਪੀ ਅਧਿਆਪਕ ਮਨਜੀਤ ਸਿੰਘ ਨੇ ਸਿੱਖਿਆ ਭਿਵਾਗ ਵੱਲੋਂ ਚਲਾਏ ਜਾ ਰਹੇ ਕਿਸ਼ੋਰ ਅਵਸਥਾ ਸਿੱਖਿਆ ਦੇ ਮੰਤਵ ਬਾਰੇ ਚਾਨਣਾ ਪਾਇਆ। ਪਸ਼ਵਕ ਕਮੇਟੀ ਮੈਂਬਰ ਅਤੇ ਰਿਟਾ. ਅਧਿਆਪਕ ਗਲੋਂਦਰ ਖਾਂ ਨੇ ਇਸ ਮੌਕੇ ਤੇ ਬੋਲਦਿਆਂ ਕਿਹਾ ਕਿ ਕਿਸ਼ੋਰ ਅਵਸਥਾ ਵਿੱਚ ਬੱਚਿਆਂ ਵੱਲ ਵਿਸ਼ੇਸ ਧਿਆਨ ਦੇਣ ਦੀ ਜਰੂਰਤ ਹੁੰਦੀ ਹੈ ਇਸ ਉਮਰ ਵਿੱਚ ਬੱਚਾ ਜਵਾਨੀ ਦੇ ਵੇਗ ਵਿੱਚ ਕਈ ਵਾਰ ਨਸਿਆਂ ਜਾਂ ਗਲਤ ਸੰਗਤ ਦਾ ਸ਼ਿਕਾਰ ਹੋ ਜਾਂਦਾ ਹੈ ਸੋ ਅਧਿਆਪਕਾਂ ਤੇ ਮਾਪਿਆਂ ਨੂੰ ਬੱਚੇ ਦੀਆਂ ਗਤੀਵਿਧੀਆਂ ਤੇ ਨਜਰ ਰੱਖਣੀ ਚਾਹੀਦੀ ਹੈ ਅਤੇ ਮਾਪਿਆਂ ਵੱਲੋਂ ਬੱਚੇ ਲਈ ਸਮਾਂ ਕੱਢ ਕੇ ਉਸ ਨੂੰ ਸਹੀ ਦਿਸ਼ਾ ਨਿਰਦੇਸ ਦੇਣੀ ਚਾਹੀਦੀ ਹੈ। ਇਸ ਮੌਕੇ ਤੇ ਪ੍ਰਿਸਪਾਲ ਕੌਰ ਸਿੰਘ ਵੱਲੋਂ ਭਾਗ ਲੈਣ ਵਾਲੇ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਤੇ ਪਸ਼ਵਕ ਕਮੇਟੀ ਦੇ ਚੇਅਰਮੈਨ ਤੇ ਸਰਪੰਚ ਸ੍ਰੀਮਤੀ ਰਾਜਕਰਨੀ, ਸੂਬੇਦਾਰ ਹਰਭਜਨ ਸਿੰਘ, ਬਲਵਿੰਦਰ ਸਿੰਘ ਖੀਪਲ, ਪੰਚ ਜਗਜੀਤ ਸਿੰਘ ਤੇ ਮਹਿੰਦਰ ਪਾਲ ਸ਼ਰਮਾਂ ਹਾਜਰ ਸਨ।

ਜਲੰਧਰ ਫਗਵਾੜਾ ਹਾਈ 'ਤੇ ਹਲੇਵੀ ਰੈਸੋਰੈਂਟ ਦੇ ਨਜਦੀਕ ਬੁੱਧਵਾਰ ਨੂੰ ਭਾਰੀ ਟ੍ਰੈਫਿਕ ਕਾਰਨ ਖੰਬੇ ਵਿੱਚ ਵਜੀ ਕਾਰ ਦਾ ਦ੍ਰਿਸ਼। ਫੋਟੋ-ਕੁਲਦੀਪ ਸਿੰਘ/ ਊੱਭੀ

ਪੰਜਾਬ ਵਿਕਾਸ ਯੂਥ ਕਾਂਗਰਸ ਵੱਲੋਂ ਪੌਦੇ ਲਗਾ ਕੇ ਮਨਾਏ ਗਏ ਗਣਤੰਤਰ ਦਿਵਸ ਦੇ ਮੌਕੇ 'ਤੇ ਪ੍ਰਧਾਨ ਸੁਖਵਿੰਦਰ ਸਿੰਘ ਸੁੱਖਾ, ਐਨ. ਆਰ. ਆਈ. ਜੀਵਨ ਸਿੰਘ, ਵਿਨੈ ਕੁਮਾਰ, ਗੁਰਮੁੱਖ ਸਿੰਘ, ਅਮਰਜੀਤ ਸਿੰਘ, ਗੋਬਿੰਦ ਸਿੰਘ ਤੇ ਹੋਰ ਅਹੁਦੇਦਾਰ। ਫੋਟੋ-ਕੁਲਦੀਪ ਸਿੰਘ

ਜਲੰਧਰ ਰੇਲਵੇ ਸਟੇਸ਼ਨ ਤੋਂ ਬੱਲਾਂ ਵਾਲੇ ਸੰਤ ਮਹਾਂਪੁਰਸ਼ਾਂ ਦੀ ਅਗਵਾਈ 'ਚ ਭਗਤ ਰਵੀਦਾਸ ਜੀ ਦੀ ਜਨਮ ਭੂਮੀ ਕਾਸ਼ੀ ਲਈ ਰਾਵਨਾ ਹੁੰਦੀ ਹੋਈ ਵਿਸ਼ੇਸ਼ ਰੇਲ ਗੱਡੀ। ਫੋਟੋ-ਇਕਬਾਲ ਸਿੰਘ ਉੱਭੀ

ਸ੍ਰੀ ਤੀਕਸ਼ਣ ਸੂਦ ਕੈਬਨਿਟ ਮੰਤਰੀ ਪੰਜਾਬ ਹੁਸ਼ਿਆਰਪੁਰ ਨਿਊਜ਼ ਦੇ ਉਪ ਦਫਤਰ ਦਾ ਉਦਘਾਟਨ ਕਰਦੇ ਹੋਏ ਤੇ ਉਨ੍ਹਾਂ ਨਾਲ ਸ੍ਰੀ ਬਿੱਟੂ ਕਸ਼ਅਪ ਮੁੱਖ ਸੰਪਾਦਕ ਅਤੇ ਸ੍ਰ. ਕੁਲਦੀਪ ਸਿੰਘ ਪੱਟੀ (ਦੀਪ ਅਲੋਪ) ਮੁੱਖ ਲੇਖ ਸੰਪਾਦਕ ਵੀ ਨਜ਼ਰ ਆ ਰਹੇ ਹਨ।

ਖਿਡਾਰੀਆਂ ਨੂੰ ਸਨਮਾਨਿਤ ਕੀਤਾ

ਮੁਹਾਲੀ 27 ਜਨਵਰੀ (ਵੀਨਾ ਰਾਜਪੂਤ) ਆਲ ਇੰਡੀਆ ਇੰਟਰ ਯੂਨੀਵਰਸਿਟੀ ਫੁਟਬਾਲ ਚੈਂਪੀਅਨਸ਼ਿਪ ਜੋ ਤਾਮਿਲਨਾਡੂ ਦੇ ਸ਼ਹਿਰ ਕੋਇੰਬਟੂਰ ਵਿਖੇ ਕਰਵਾਈ ਗਈ ਸੀ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਟੀਮ ਨੇ ਦੂਜਾ ਸਥਾਨ ਹਾਸਿਲ ਕੀਤਾ ਹੈ। ਅੱਜ ਪੂਰੀ ਟੀਮ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੂਬਾ ਸਕੱਤਰ ਸ.ਚੰਚਲ ਸਿੰਘ ਸੈਣੀ ਅਤੇ ਸ.ਮੋਹਣ ਸਿੰਘ ਡਾਇਰੈਕਟਰ ਐਕਮੇਹਾਈਟਸ ਖਰੜ ਨੇ ਸਨਮਾਨਿਤ ਕੀਤਾ। ਉਕਤ ਆਗੂਆਂ ਨੇ ਖਿਡਾਰੀਆਂ ਨੂੰ ਸਪੋਰਟਸ ਕਿੱਟ ਦੇ ਕੇ ਸਨਮਾਨਿਤ ਕੀਤਾ ਅਤੇ ਜੇਤੂ ਟੀਮ ਨੂੰ ਅਗਾਂਹ ਲਈ ਚੰਗੀ ਖੇਡ ਖੇਡਣ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਡਾਇਰੈਕਟਰ ਸਪੋਰਟਸ ਪੰਜਾਬ ਯੂਨੀਵਰਸਿਟੀ ਸੀ.ਐਸ.ਗਰੇਵਾਲ, ਡਿਪਟੀ ਡਾਇਰੈਕਟਰ ਸਪੋਰਟਸ ਡਾ.ਵਿਸ਼ਵ ਮੋਹਣੀ, ਸਹਾਇਕ ਡਾਇਰੈਕਟਰ ਡਾ.ਰਾਕੇਸ਼ ਮਲਿਕ, ਮੈਨੇਜਰ ਮੁਹੰਮਦ ਅਕਬਰ ਅਤੇ ਕੋਚ ਭੁਪਿੰਦਰ ਸਿੰਘ ਵੀ ਹਾਜ਼ਰ ਸਨ।

ਗਣਤੰਤਰ ਦਿਵਸ ਬੜੀ ਧੂਮਧਾਮ ਨਾਲ ਮਨਾਇਆ

ਜ਼ੀਰਾ 27 ਜਨਵਰੀ (ਤਰਸੇਮ ਲਾਲ ਖੁਰਾਣਾ / ਰਾਜ਼ ਧਮੀਜ਼ਾ)- ਜ਼ੀਰਾ ਦੇ ਜੀਵਨ ਮੱਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਗਣਤੰਤਰ ਦਿਵਸ ਬੜੀ ਹੀ ਧੂਮਧਾਮ ਨਾਲ ਮਨਾਇਆ ਗਿਆ । ਇਸ ਦੌਰਾਮ ਸਮਾਗਮ ਵਿੱਚ ਕਰਮਚਾਰੀ , ਪ੍ਰਸ਼ਾਸ਼ਨਿਕ ਅਧਿਕਾਰੀਆਂ, ਰਾਜ਼ਨੀਤਿਕ ਆਗੂਆਂ ਇਲਾਵਾ , ਸਕੂਲੀ ਬੱਚੇ , ਸਟਾਫ ਅਤੇ ਲੋਕਾਂ ਨੇ ਹਿੱਸਾ ਲਿਆਂ । ਇਸ ਮੌਕੇ ਸ਼੍ਰੀ ਟੀ.ਐਨ.ਪਾਸੀ ਐਸ.ਡੀ.ਐਮ ਜ਼ੀਰਾ ਨੇ ਤਿਰੰਗਾ ਲਹਿਰਾਇਆ ਅਤੇ ਪੰਜਾਬ ਪੁਲਿਸ ਦੀ ਮਾਰਚ ਪਾਸਟ ਟੁੱਕੜੀ ਤੋ ਸਲਾਮੀ ਲਈ । ਇਸਮੌਕੇ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆ ਸ਼੍ਰੀ ਟੀ.ਐਨ.ਪਾਸੀ ਨੇ ਕਿਹਾ ਕਿ ਦੇਸ਼ ਦਾ ਸੰਵਿਧਾਨ ਸਾਡੇ ਸਾਰਿਆਂ ਲਈ ਸਰਵਉਚ ਹ। ਅਤੇ ਸਾਨੂੰ ਆਪਸੀ ਭਾਈਚਾਰਕ ਸਾਂਝ ਬਣਾਉਣੀ ਚਾਹੀਦੀ ਹੈ। ਇਸ ਮੌਕੇ ਵੱਖ ਵੱਖ ਸਕੂਲਾਂ ਦੇ ਬੱਚਿਆਂ ਵੱਲੋ ਰੰਗਾਰੰਗ ਪ੍ਰੋਗਰਾਮ ਕੀਤੇ ਗਏ। ਇਸ ਮੌਕੇ ਵੱਖ ਵੱਖ ਖੇਤਰਾ ਚੰਗੀ ਕਾਰਗੁਜਾਰੀ ਦਿਖਾਉਣ ਵਾਲੇ ਸ਼ਖ਼ਸ਼ੀਅਤਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ । ਅਤੇ ਵਿਕਲਾਂਗ ਲੋਕਾਂ ਨੂੰ ਟਰਾਈਸਾਇਕਲ ਵੀ ਦਿੱਤੇ ਗਏ। ਇਸ ਸਮੇਂ ਸ੍ਰ ਅਵਤਾਰ ਸਿੰਘ ਮਿੰਨਾ ਚੇਅਰਮੇਨ ਕੋਆਪ੍ਰੇਟਿਵ ਬੈਕਾ , ਸ੍ਰ ਬਹਾਦਰ ਸਿੰਘ ਹਰਦਾਸਾ ਚੇਅਰਮੇਨ ਮਾਰਕੇਟ ਕਮੇਟੀ ਜ਼ੀਰਾ , ਜੱਥੇਦਾਰਾ ਦਾਰਾ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ ਜ਼ੀਰਾ , ਸ਼੍ਰੀ ਮਤੀ ਰਜ਼ਨੀ ਛੋਕਰਾ ਸਿਵਲ ਜੱਜ ਜ਼ੀਰਾ , ਸ੍ਰ ਬਲਵੰਤ ਸਿੰਘ ਢਿੱਲੋ ਪ੍ਰਧਾਨ ਨਗਰ ਕੌਂਸਲ ਜ਼ੀਰਾ , , ਅਮਰਜੀਤ ਸਿੰਘ ਘੁੰਮਣ , ਗੁਰਵਿੰਦਰ ਸਿੰਘ ਸੰਧੂ ਪ੍ਰਧਾਨ ਐਸ.ਓ ਆਈ ਜ਼ੀਰਾ , ਰਜਿੰਦਰ ਸਿੰਘ ਸੀ.ਡੀ.ਪੀ ਅਦਿ ਹਾਜ਼ਰ ਸਨ ।

ਪ੍ਰਵਾਸੀ ਭਾਰਤੀ ਦੋਆਬਾ ਸੱਭਿਆਚਾਰਕ ਮੇਲਾ ਕਰਵਾਉਣਗੇ-ਬਲਾਕੀਪੁਰ

ਬੰਗਾ, 27 ਜਨਵਰੀ (ਪ.ਪ.ਦਾਣਾ ਮੰਡੀ ਬੰਗਾ ਵਿਖੇ ਪ੍ਰਵਾਸੀ ਭਾਰਤੀ 6 ਫਰਵਰੀ ਨੂੰ ਦੋਆਬਾ ਸਭਿਆਚਾਰਕ ਮੇਲਾ ਕਰਵਾਉਣਗੇ। ਮੇਲੇ ਸਬੰਧੀ ਕੈਨੇਡਾ, ਇੰਗਲੈਂਡ ਤੋਂ ਪ੍ਰਵਾਸੀ ਭਾਰਤੀ ਇਥੇ ਪਹੁੰਚ ਗਏ ਹਨ। ਇਹ ਜਾਣਕਾਰੀ ਬੁੱਧ ਸਿੰਘ ਬਲਾਕੀਪੁਰ ਚੇਅਰਮੈਨ ਮਾਰਕੀਟ ਕਮੇਟੀ ਬੰਗਾ ਨੇ ਇਥੇ ਦਿੱਤੀ। ਉਨ੍ਹਾਂ ਆਖਿਆ ਮੇਲੇ ਦੀ ਪ੍ਰਧਾਨਗੀ ਚੌਧਰੀ ਮੋਹਨ ਲਾਲ ਹਲਕਾ ਵਿਧਾਇਕ ਬੰਗਾ ਕਰਨਗੇ। ਮੇਲੇ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਵੀ ਕੀਤੀ ਗਈ। ਇਸ ਸਾਲ ਮੇਲੇ 'ਚ ਪ੍ਰਸਿੱਧ ਗਾਇਕ ਅਮਰਿੰਦਰ ਗਿੱਲ, ਨਛੱਤਰ ਗਿੱਲ, ਰੌਸ਼ਨ ਪ੍ਰਿੰਸ, ਗੁਰਕ੍ਰਿਪਾਲ ਸੂਰਾਪੁਰੀ, ਕੁਲਵਿੰਦਰ ਕੈਲੀ, ਸੁਰਿੰਦਰ ਲਾਡੀ, ਰੁਪਿੰਦਰ ਹਾਂਡਾ, ਡੀ.ਐਰੀ, ਕਲੇਰ ਕੰਠ, ਲਹਿੰਬਰ ਹੁਸੈਨਪੁਰੀ, ਗਿੱਪੀ ਗਰੇਵਾਲ, ਪ੍ਰੀਤ ਬਰਾੜ, ਜੱਸੀ ਸੋਹਲ, ਗੁਰਮੁਖ ਦੁਆਬੀਆ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ। ਇਸ ਮੌਕੇ 'ਤੇ ਮੇਜਰ ਸਿੰਘ ਨੱਤ ਪ੍ਰਧਾਨ, ਅਮਰੀਕ ਸਿੰਘ ਗਿੱਲ, ਜਸਵਿੰਦਰ ਸਿੰਘ ਛੋਕਰ, ਬਲਵੀਰ ਸਿੰਘ ਰਾਏ, ਮਨਜੀਤ ਸਿੰਘ ਬੱਬਲ ਆਦਿ ਹਾਜ਼ਰ ਸਨ।

ਸਕੂਲ ਵਿੱਚ ਗਣਤੰਤਰ ਦਿਵਸ ਮਨਾਇਆ

ਸ਼ਾਹਕੋਟ, 27 ਜਨਵਰੀ (ਜਿੰਦਲਪਾਲ ਅਨੁਸਾਰ)-ਇੱਥੋਂ ਦੇ ਸਟੇਟ ਪਬਲਿਕ ਸਕੂਲ ਵਿਖੇ ਸਟੇਟ ਪਬਲਿਕ ਸਮੂਹ ਦੇ ਪ੍ਰਧਾਨ ਡਾ. ਨਰੋਤਮ ਸਿੰਘ ਅਤੇ ਮੀਤ ਪ੍ਰਧਾਨ ਡਾ. ਗਗਨਦੀਪ ਕੌਰ ਦੀ ਯੋਗ ਅਗਵਾਈ ਹੇਠ 61ਵਾਂ ਗਣਤੰਤਰ ਦਿਵਸ ਬੜੀ ਧੂਮ-ਧਾਮ ਨਾਲ ਮਨਾਇਆ ਗਿਆ, ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਕੰਵਲ ਨੀਲ ਕਮਲ ਨੇ ਤਿਰੰਗਾ ਝੰਡਾ ਲਹਿਰਾਇਆ ਅਤੇ ਪ੍ਰੇਡ ਤੋਂ ਸਲਾਮੀ ਲਈ। ਸਕੂਲੀ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਸਕੂਲ ਦੀ ਪ੍ਰਬੰਧਕ ਕਮੇਟੀ ਅਤੇ ਪ੍ਰਿੰਸੀਪਲ ਨੇ ਪ੍ਰੋਗਰਾਮ ਨੂੰ ਸਫਲ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਸਬ ਡਵੀਜ਼ਨ ਸ਼ਾਹਕੋਟ ਅਤੇ ਸਬ ਡਵੀਜ਼ਨ ਨਕੋਦਰ ਦਾ ਤਹਿਸੀਲ ਪੱਧਰੀ 61ਵਾਂ ਗਣਤੰਤਰ ਦਿਵਸ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਸਥਾਨਿਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਤਹਿਸੀਲ ਪੱਧਰੀ ਗਣਤੰਤਰ ਦਿਵਸ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਜਿਸ ਵਿੱਚ ਸਬ ਡਵੀਜ਼ਨਲ ਮੈਜਿਸਟਰੇਟ ਸ਼ਾਹਕੋਟ ਸ੍ਰੀ ਜਸਬੀਰ ਸਿੰਘ ਨੇ ਕੌਮੀ ਤਿਰੰਗਾ ਝੰਡਾ ਲਹਿਰਾਇਆ ਅਤੇ ਮਾਰਚ ਪਾਸਟ ਤੋਂ ਸਲਾਮੀ ਲਈ। ਇਸ ਮੌਕੇ ਤਹਿਸੀਲ ਸ਼ਾਹਕੋਟ ਦੇ ਕਈ ਸਰਕਾਰੀ ਤੇ ਗੈਰ ਸਰਕਾਰੀ ਵਿੱਦਿਅਕ ਸੰਸਥਾਵਾਂ ਦੇ ਬੱਚਿਆਂ ਵੱਲੋਂ ਵਿਸ਼ਾਲ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਇਸ ਮੌਕੇ 'ਤੇ ਲੋੜਵੰਦ ਚਾਰ ਵਿਧ੍ਵਾ ਔਰਤਾਂ ਨੂੰ ਸਿਲਾਈ ਮਸ਼ੀਨਾਂ ਅਤੇ ਦੋ ਅਪੰਗ ਵਿਅਕਤੀਆਂ ਨੂੰ ਟਰਾਈ ਸਾਈਕਲ ਵੀ ਦਿੱਤੇ ਗਏ। ਪੰਜਾਬ ਸਰਕਾਰ ਵੱਲੋਂ ਵਧੀਆ ਸੇਵਾਵਾਂ ਦੇਣ ਵਾਲੇ ਸਰਾਕਰੀ ਆਲੂ ਬੀਜ਼ ਫਾਰਮ ਦੇ ਮੈਨੇਜਰ ਪਰਮਜੀਤ ਸਿੰਘ, ਸੁੰਦਰ ਲਿਖਾਈ ਦੇ ਹੋਏ ਰਾਜ ਪੱਧਰੀ ਮੁਕਾਬਲੇ ਵਿੱਚੋਂ ਤੀਜਾ ਸਥਾਨ ਪ੍ਰਾਪਤ ਕਰਨ ਵਾਲੀ ਸਰਕਾਰੀ ਐਲੀਮੈਂਟਰੀ ਸਕੂਲ ਢੰਡੋਵਾਲ ਦੀ ਵਿਦਿਆਰਥਣ ਸੰਦੀਪ, ਪ੍ਰੈੱਸ ਕਲੱਬ ਸ਼ਾਹਕੋਟ ਅਤੇ ਕਈ ਹੋਰ ਵਿਅਕਤੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਸੈਣੀ ਮੰਡਲ ਪ੍ਰਧਾਨ ਤੇ ਭਨੋਟ ਸ਼ਹਿਰੀ ਪ੍ਰਧਾਨ ਬਣੇ

ਬਲਾਚੌਰ, 27 ਜਨਵਰੀ (ਪੱਤਰ ਪ੍ਰੇਰਕ)-ਭਾਜਪਾ ਮੰਡਲ ਬਲਾਚੌਰ ਦੀ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਨਵਾਂ ਸ਼ਹਿਰ ਪ੍ਰਭਾਰੀ ਭਾਜਪਾ ਬਲਰਾਮ ਸ਼ਰਮਾ ਵਾਈਸ ਚੇਅਰਮੈਨ ਮਾਰਕੀਟ ਕਮੇਟੀ ਬਲਾਚੌਰ ਦੀ ਮੌਜੂਦਗੀ 'ਚ ਹੋਈ, ਜਿਸ ਵਿੱਚ ਸ੍ਰੀ ਬਰਿੰਦਰ ਸੈਣੀ ਨੂੰ ਮੰਡਲ ਪ੍ਰਧਾਨ ਬਲਾਚੌਰ ਅਤੇ ਸ਼ਾਮ ਲਾਲ ਭਨੋਟ ਸਪੁੱਤਰ ਸਵਾ. ਪੰਡਿਤ ਸ਼ਖੀ ਚੰਦ ਬਲਾਚੌਰ ਨੂੰ ਬਲਾਚੌਰ ਸ਼ਹਿਰ ਦਾ ਪ੍ਰਧਾਨ ਚੁਣ ਲਿਆ ਗਿਆ। ਇਸ ਮੌਕੇ ਜ਼ਿਲ੍ਹਾ ਨਵਾਂ ਸ਼ਹਿਰ ਦੇ ਮੀਤ ਪ੍ਰਧਾਨ ਰਾਣਾ ਹਰਕੇਸ ਸਿੰਘ ਕੇਸੀ, ਸੱਚਦੇਵ ਘਈ, ਮਨੋਹਰ ਲਾਲ ਆਨੰਦ ਸਾਬਕਾ ਜ਼ਿਲ੍ਹਾ ਸਕੱਤਰ, ਮੋਹਨ ਲਾਲ ਔਹਰੀ ਸਾਬਕਾ ਪ੍ਰਧਾਨ ਸ਼ਹਿਰੀ ਆਦਿ ਮੌਜੂਦ ਸਨ।

ਸਹਿਕਾਰਤਾ ਲਹਿਰ ਨਾਲ ਕਿਰਸਾਨੀ ਦਾ ਆਰਥਿਕ ਪੱਧਰ ਉਚਾ ਹੋਇਆ-ਜ਼ੀਰਾ

ਜ਼ੀਰਾ, 27 ਜਨਵਰੀ (ਤਰਸੇਮ ਲਾਲ ਖੁਰਾਣਾ / ਰਾਜ਼ ਧਮੀਜ਼ਾ)-ਭਾਵੇਂ ਕਿ ਖੇਤੀ ਸੈਕਟਰ ਵਿੱਚ ਵਧ ਰਹੇ ਖਰਚਿਆਂ ਕਾਰਨ ਕਿਸਾਨਾਂ ਦੀ ਆਰਥਿਕ ਹਾਲਤ ਤਰਸਯੋਗ ਹੋ ਗਈ ਸੀ ਪਰ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਸਹਿਕਾਰਤਾ ਲਹਿਰਾਂ ਨਾਲ ਕਿਰਸਾਨੀ ਦਾ ਆਰਥਿਕ ਪੱਧਰ ਉਚਾ ਹੋਇਆ ਹੈ। ਇਹਨਾਂ ਵਿਚਾਰਾ ਦਾ ਪ੍ਰਗਟਾਵਾ ਪੰਜਾਬ ਸਟੇਟ ਕੋਆਪਰੇਟਿਵ ਬੈਂਕ ਦੇ ਚੈਅਰਮੈਨ ਸ੍ਰ ਅਵਤਾਰ ਸਿੰਘ ਜ਼ੀਰਾ ਨੇ ਅਕਾਲੀ ਵਰਕਰਾਂ ਤੇ ਅਹੁਦੇਦਾਰਾਂ ਦੀ ਇੱਕ ਮੀਟਿੰਗ ਨੂੰ ਸੰਬੋਧਨ ਕਰਨ ਉਪਰੰਤ ਪ੍ਰੈਸ ਕਲੱਬ ਜ਼ੀਰਾ ਦੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕੀਤਾ।

ਕਲਾਸੀਫਾਈਡ

CHANGE OF NAME

I, Sarabjit Kaur W/o Sewa Singh R/o V.P.O. Partabpura Patti Daria, PS. Bilga, Teh. Phillaur, Distt. Jalandhar, PB. India have Changed The name of my Minor Daughter Amrit Kaur to Amrit Kaur Dulai.

I, Johnny S/o Wilson Masih R/o 125 Golden Avenue, Phase-1, Jalandhar have Changed my name from Johnny to Johnny Masih. All Concerned Note.

I, Balwinder Kaur W/o Amrik Singh R/o 17/16 Improvement Trust Colony, Batala Road Gurdaspur have Changed my name Balwinder Kaur to Balwinder Kaur Walia. Concerned Note.

I, Amrik Singh S/o Narinjan Singh R/o 17/16 Improvement Trust Colony, Batala Road Gurdaspur have Changed my Real Son Atinder Pal Singh (Minor) to Atinder Pal Singh Walia. Concerned Note.

I, Seebo W/o Late Sadhu Ram R/o Vill. Dosangh Khurd, Teh. Phillaur, Distt. Jalandhar have Changed my name from Seebo to Nasib Kaur.

I, Devi D/o Ramesh Kumar R/o Vill. Sufi Pind, P.O. Kukar Pind, Jalandhar have Changed my name from Devi to Devika. All Please Note.

I, Surjit S/o Bishan Das R/o V.P.O. Bhootan, S.B.S Nagar (Nawanshahr) have Changed my name to Surjit Ram. Please Note.

I, Gurpreet Singh S/o Darshan Singh R/o V.P.O. Bainstani, Distt. Hoshiarpur Declare that I have Changed my name from Gurpreet Singh to Gurprit Singh.

I, Bhupinder Pal Singh S/o Late S. Inderpal Singh R/o H.No. 184 Near Singh Sabha Gurudawara Beant Nagar, Rama Mandi Jalandhar have Changed my name as Bhupinder Pal Singh Kalsi. All Concerned Note Please.

I, Asha W/o Sh. Gurdev Sharan R/o Ward No. 10, Balachaur (S.B.S. Nagar) have Changed my name Asha Rani. Concerned Noted.

I, Arthar S/o Stephan Masih R/o 133/8, Ambedkar Nagar, Gurdaspur have Changed my name Arthar to Arthar Stephan. Concerned Note.

I, Rajwinder Kaur W/o Lakhbir Singh R/o Vill. Bajuha Kalan, Teh. Nakodar, Distt. Jalandhar have Changed my name from Rajwinder Kaur to Rajwinder Kaur Toor.

I, Harinder Mohan Dass S/o Sh. Harbans Dass R/o V.P.O. Kalra, Distt. Jalandhar have Changed my name Harinder Mohan Dass to Harinder Dass. All Concerned Please Note.

I, Dilbag Singh S/o Pritam Singh R/o V.P.O. Sudana, Distt. Jalandhar have Changed my name from Dilbagh Singh to Dilbagh Singh Rai. All Concerned Note.

I, Manjit Kaur @ Babbal W/o Sh. Inderjit Singh R/o 2618, Tehsilpura, Amritsar Solemnly Declare that I am Known by the names as Manjit Kaur and Babbal. Now I have Changed my name from Babbal to Manjit Kaur. I intend to Known only with the name of Manjit Kaur in Society.

I, Sukhwinder Singh S/o Jhalman Singh R/o V.P.O. Chahal Kalan, Distt. S.B.S. Nagar (Nawanshahar) have Changed my name Sukhwinder Singh Chahal. Please Note.

ਨਾਮ ਦੀ ਬਦਲੀ

ਮੈਂ ਨਛੱਤਰ ਸਿੰਘ ਪੁੱਤਰ ਲਾਲ ਚੰਦ ਪਿੰਡ ਕਾਕੜਾ ਕਲਾਂ, ਤਹਿਸੀਲ ਸ਼ਾਹਕੋਟ (ਜਲੰਧਰ) ਨੇ ਆਪਣਾ ਨਾਮ ਬਦਲ ਕੇ ਨਛੱਤਰ ਪਾਲ ਰੱਖ ਲਿਆ ਹੈ। ਸਭ ਨੋਟ ਕਰਨ।

ਮੈਂ ਲਖਵਿੰਦਰ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਬੱਗੇ ਵਾਲਾ (ਫਿਰੋਜ਼ਪੁਰ) ਨੇ ਆਪਣਾ ਨਾਮ ਬਦਲ ਕੇ ਲਖਵਿੰਦਰ ਸਿੰਘ ਸੰਧੂ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ ਪਰਗਟ ਸਿੰਘ ਪੁੱਤਰ ਠਾਣਾ ਸਿੰਘ ਵਾਸੀ ਪਿੰਡ ਜੱਟਾਂ ਵਾਲੀ, ਤਹਿ. ਜੀਰਾ, ਜ਼ਿਲ੍ਹਾ ਫਿਰੋਜ਼ਪੁਰ ਨੇ ਆਪਣਾ ਨਾਮ ਬਦਲ ਕੇ ਪਰਗਟ ਸਿੰਘ ਢਿੱਲੋਂ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ ਊਸ਼ਾ ਰਾਣੀ ਪਤਨੀ ਰਜੇਸ਼ ਕੁਮਾਰ ਵਾਸੀ ਪਿੰਡ ਪਾਸ਼ਟਾਂ, ਫਗਵਾੜਾ (ਕਪੂਰਥਲਾ) ਨੇ ਆਪਣੀ ਲੜਕੀ ਰਮਨਦੀਪ ਦਾ ਨਾਂਮ ਬਦਲ ਕੇ ਅਮਨਦੀਪ ਸ਼ੀਹਮਾਰ ਰੱਖ ਲਿਆ ਹੈ।

ਮੈਂ ਊਸ਼ਾ ਰਾਣੀ ਪਤਨੀ ਰਜੇਸ਼ ਕੁਮਾਰ ਵਾਸੀ ਪਿੰਡ ਪਾਸ਼ਟਾਂ, ਫਗਵਾੜਾ (ਕਪੂਰਥਲਾ) ਨੇ ਆਪਣੀ ਲੜਕੀ ਸ਼ੈਪੀ ਦਾ ਨਾਂਮ ਬਦਲ ਕੇ ਸ਼ੈਪੀ ਕੁਮਾਰੀ ਰੱਖ ਲਿਆ ਹੈ।

ਬੇਦਖਲੀ ਸੂਚਨਾ

ਮੈਂ ਮੋਤੀ ਰਾਮ ਪੁੱਤਰ ਭਾਗ ਰਾਮ ਪਿੰਡ ਲਾਦੜਾ, ਤਹਿਸੀਲ ਫਿਲੌਰ (ਜਲੰਧਰ) ਮੇਰਾ ਲੜਕਾ ਚੇਤਨ ਪਾਲ ਬੁਰੀ ਸੰਗਤ ਕਾਰਨ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁੱਦ ਜ਼ਿੰਮੇਵਾਰ ਹੋਵੇਗਾ।

ਮੈਂ ਸੁਖਦੇਵ ਸਿੰਘ ਪੁੱਤਰ ਸ੍ਰੀ ਦੁਰਗਾ ਦਾਸ ਵਾਸੀ ਰੇਰੂ, ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹਾਂ ਤੇ ਹਲਫੀਆ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਨਿਰਜਲਾ ਰਾਣੀ ਪੁੱਤਰੀ ਸ੍ਰੀ ਸੁਖਦੇਵ ਸਿੰਘ ਪਤਨੀ ਸ੍ਰੀ ਸਰਬਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਜੋ ਵੀ ਉਸ ਨਾਲ ਲੈਣ-ਦੇਣ ਕਰੇਗਾ ਉਹ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਅਸੀਂ ਸੁਰਜੀਤ ਸਿੰਘ ਪੁੱਤਰ ਬਦੇਸ਼ਰ ਸਿੰਘ ਅਤੇ ਰਾਜ ਕੁਮਾਰੀ ਪਤਨੀ ਸੁਰਜੀਤ ਸਿੰਘ ਵਾਸੀ ਪਿੰਡ ਫੁੱਲੜਾ, ਡਾਕਖਾਨਾ ਨੰਗਲ ਭੂਰ, ਤਹਿਸੀਲ ਪਠਾਨਕੋਟ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਅਜਮੇਰ ਸਿੰਘ ਤੇ ਉਸ ਦੀ ਪਤਨੀ ਅਰਪਨਾ ਅਤੇ ਪੁੱਤਰ ਆਰੇਅਨ ਸਾਡੇ ਕਹਿਣੇ ਤੋਂ ਬਾਹਰ ਹਨ। ਉਹ ਲੜਦੇ-ਝਗੜਦੇ ਰਹਿੰਦੇ ਹਨ ਅਤੇ ਸਾਨੂੰ ਮਾਰਨ ਦੀਆਂ ਧਮਕੀਆਂ ਵੀ ਦਿੰਦੇ ਹਨ। ਇਸ ਕਰਕੇ ਅਸੀਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਸੰਪਤੀ ਵਿਚੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਹੀ ਜ਼ਿੰਮੇਵਾਰ ਹੋਵੇਗਾ।

ਮੈਂ ਕ੍ਰਿਪਾਲ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਜਲਾਲਾਬਾਦ ਪੂਰਬੀ (ਮੋਗਾ) ਬਿਆਨ ਕਰਦਾ ਹਾਂ ਕਿ ਮੇਰੇ ਦੋ ਲੜਕੇ ਸੁਖਚੈਨ ਸਿੰਘ, ਹਰਨੇਕ ਸਿੰਘ ਦੋਨੋਂ ਸ਼ਾਦੀਸ਼ੁਦਾ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਅਤੇ ਇਹਨਾਂ ਦੇ ਪਰਿਵਾਰ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਆਮ ਸੂਚਨਾ

ਮੈਂ ਤੀਰਥ ਰਾਮ ਪੁੱਤਰ ਪ੍ਰੀਤਮ ਚੰਦ ਵਾਸੀ ਧੁਲੇਤਾ, ਜ਼ਿਲ੍ਹਾ ਜਲੰਧਰ ਹਰੇਕ ਨੂੰ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਜਗਦੀਸ਼ ਰਾਮ ਵਾਸੀ ਦੀਸ਼ਾਂ ਨੂੰ ਬੇਦਖਲ ਕੀਤਾ ਸੀ, ਮੇਰਾ ਲੜਕਾ ਮੇਰੇ ਕਹਿਣੇ ਵਿੱਚ ਹੈ, ਮੈਂ ਹੁਣ ਉਸਦੀ ਬੇਦਖਲੀ ਰੱਦ ਕਰਦਾ ਹਾਂ। ਸਬੰਧਤ ਨੋਟ ਕਰਨ।

ਇਸ਼ਤਿਹਾਰਾਂ ਸਬੰਧੀ ਜ਼ਰੂਰੀ ਬੇਨਤੀ

'ਅੱਜ ਦੀ ਆਵਾਜ਼' ਦੀ ਮੈਨੇਜਮੈਂਟ ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦੀ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਸੰਪਾਦਕ, ਪ੍ਰਕਾਸ਼ਕ ਤੇ ਪ੍ਰਿੰਟਰ ਗੁਰਦੀਪ ਸਿੰਘ ਨੇ 'ਪੰਥ ਮਾਤਾ ਸਾਹਿਬ ਕੌਰ ਚੈਰੀਟੇਬਲ ਟਰੱਸਟ' ਜਲੰਧਰ ਲਈ ਮੈਸ: ਨਿਊ ਦਸ਼ਮੇਸ਼ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ 178-179, ਰਣਜੀਤ ਨਗਰ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।

ਸੰਪਾਦਕ - ਗੁਰਦੀਪ ਸਿੰਘ
ਕਾਰਜਕਾਰੀ ਸੰਪਾਦਕ - ਬਲਜੀਤ ਸਿੰਘ ਬਰਾੜ
RNI Regd. No. 46843/90, Postel Regd. No. PB/0007/09-2011
ਟੈਲੀਫੋਨ ਨੰ. 0181- 4626370-2235707 ਫੈਕਸ ਨੰ. : 0181-2225427, 2235427
ਪੋਸਟ ਬਾਕਸ ਨੰ 46 info@ajdiawaaz.com